# ਸ਼ੁੱਧ ਜ਼ੀਰੋ ਤੱਕ ਦਾ ਸਫ਼ਰ

**ਇੱਕ ਮਾਣਮੱਤੇ ਆਰਥਿਕ ਕੇਂਦਰ ਵਜੋਂ, ਸੈਂਟਰਲ ਕੁਈਨਜ਼ਲੈਂਡ ਜ਼ਰੂਰੀ ਬੁਨਿਆਦੀ ਢਾਂਚੇ ਅਤੇ ਹੁਨਰਮੰਦ ਕਾਮਿਆਂ ਦਾ ਘਰ ਹੈ।**

ਹੁਣ ਜਿਵੇਂ ਕਿ ਆਸਟ੍ਰੇਲੀਆ ਇੱਕ ਸ਼ੁੱਧ ਜ਼ੀਰੋ ਅਰਥਵਿਵਸਥਾ ਵੱਲ ਵਧ ਰਿਹਾ ਹੈ, ਸੈਂਟਰਲ ਕੁਈਨਜ਼ਲੈਂਡ ਨੂੰ ਇਹਨਾਂ ਗੱਲਾਂ ਵਿੱਚ ਮੁਕਾਬਲਤਨ ਫਾਇਦਾ ਹੈ:



- **ਨਿਵੇਸ਼ ਨੂੰ ਆਕਰਸ਼ਿਤ ਕਰਨ**
- **ਪ੍ਰੋਜੈਕਟਾਂ ਨੂੰ ਲੈਣ ਵਿੱਚ**
- **ਕੀਮਤੀ ਨਿਰਯਾਤ ਵਸਤੂਆਂ ਜਿਵੇਂ ਕਿ ਹਾਈਡ੍ਰੋਜਨ ਅਤੇ ਨਾਜ਼ੁਕ ਖਣਿਜ ਬਣਾਉਣ ਵਿੱਚ।**

ਸੈਂਟਰਲ ਕੁਈਨਜ਼ਲੈਂਡ ਆਪਣੀ ਉਦਯੋਗਿਕ ਵਿਰਾਸਤ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਪਰਿਵਰਤਨ ਦੇ ਲਾਭਾਂ ਨੂੰ ਹਾਸਲ ਕਰਨ ਲਈ ਵਿਲੱਖਣ ਸਥਿੱਤੀ ਵਿੱਚ ਹੈ। ਇਸਦਾ ਸਮਰਥਨ ਕਰਨ ਲਈ, ਆਸਟ੍ਰੇਲੀਆ ਦੀ ਸਰਕਾਰ ਸਿਖਲਾਈ, ਪੁਨਰ-ਯੋਗਤਾ ਲਈ ਸਹਾਇਤਾ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸੈਂਟਰਲ ਕੁਈਨਜ਼ਲੈਂਡ ਦੇ ਭਾਈਚਾਰਿਆਂ ਨਾਲ ਕੰਮ ਕਰੇਗੀ।

# ਇਹ ਕਿਹੋ ਜਿਹਾ ਦਿਸਦਾ ਹੈ?

## ਕਾਮਿਆਂ ਦਾ ਸਮਰਥਨ



ਖੇਤਰੀ ਵਰਕਫੋਰਸ (ਕਾਰਜਬਲ) ਪਰਿਵਰਤਨ ਅਧਿਕਾਰੀ ਸਥਾਨਕ ਰੁਜ਼ਗਾਰ ਸਹਾਇਕਾਂ ਨਾਲ ਮਿਲ ਕੇ ਹੇਠ ਲਿੱਖੀਆਂ ਚੀਜ਼ਾਂ ਤੇ ਕੰਮ ਕਰ ਰਹੇ ਹਨ:

- ਇੱਕ ਖੇਤਰੀ ਕਾਰਜਬਲ ਤਬਦੀਲੀ ਯੋਜਨਾ ਪ੍ਰਦਾਨ ਕਰਨਾ
- ਕਾਰੋਬਾਰਾਂ ਦੀ ਉਹਨਾਂ ਦੇ ਕਰਮਚਾਰੀਆਂ ਦੀਆਂ ਲੋੜਾਂ ਵਿੱਚ ਮਦਦ ਕਰਨੀ
- ਸਥਾਨਕ TAFE ਅਤੇ ਯੂਨੀਵਰਸਿਟੀਆਂ ਦੀ ਸਿਖਲਾਈ ਪ੍ਰੋਗਰਾਮ ਵਿਕਸਿਤ ਕਰਨ ਵਿੱਚ ਮੱਦਦ ਕਰਨੀ

## ਹੁਨਰ ਅਤੇ ਸਿਖਲਾਈ ਪ੍ਰੋਗਰਾਮ



- ਨਿਊ ਐਨਰਜੀ ਅਪ੍ਰੈਂਟਿਸਸ਼ਿਪ ਪ੍ਰੋਗਰਾਮ ਸਵੱਛ ਊਰਜਾ ਸੈਕਟਰ ਵਿੱਚ ਮੁਹਾਰਤ ਹਾਸਲ ਕਰਨ ਲਈ ਸਿਖਿਆਰਥੀਆਂ ਦੀ ਮਦਦ ਕਰਨ ਲਈ $10,000 ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।
- ਨਵੀਂ ਐਨਰਜੀ ਅਪ੍ਰੈਂਟਿਸਸ਼ਿਪ ਸਲਾਹਕਾਰ ਪ੍ਰਦਾਤੇ ਇੱਕ ਸਵੱਛ ਊਰਜਾ ਕਾਰਜਬਲ ਬਣਾਉਣ ਲਈ ਅਪ੍ਰੈਂਟਿਸਾਂ ਦੀ ਸਿਖਲਾਈ ਦਾ ਸਮਰਥਨ ਕਰਦੇ ਹਨ।

**ਮਿਲ ਕੇ ਕੰਮ ਕਰਦੇ ਹੋਏ, ਅਸੀਂ ਸੈਂਟਰਲ ਕੁਈਨਜ਼ਲੈਂਡ ਨੂੰ ਨਵੀਂ ਸਵੱਛ ਊਰਜਾ ਕਾਰਜਬਲ ਦਾ ਹਿੱਸਾ ਬਣਨ ਲਈ ਸ਼ਕਤੀ ਪ੍ਰਦਾਨ ਕਰਾਂਗੇ।**



Australian Government

ਇਹ ਜਾਣਨ ਲਈ ਕਿ ਸੈਂਟਰਲ ਕੁਈਨਜ਼ਲੈਂਡ ਊਰਜਾ ਪਰਿਵਰਤਨ ਨੂੰ ਕਿਵੇਂ ਤਾਕਤ ਦੇ ਰਿਹਾ ਹੈ,
**futuremadeinaustralia.gov.au** 'ਤੇ ਜਾਓ